# 4 ਸਾਡੇ ਆਲੇ-ਦੁਆਲੇ ਦੇ ਲੋਕ

0337CH04

ਸਾਡੇ ਆਲੇ-ਦੁਆਲੇ ਵਿੱਚ ਸਾਰੇ ਲੋਕ ਇੱਕ-ਦੂਜੇ ਤੋਂ ਵੱਖਰੇ ਹਨ। ਜਿਵੇਂ ਸਾਡਾ ਪਰਿਵਾਰ, ਅਧਿਆਪਕ ਅਤੇ ਦੋਸਤ। ਉਨ੍ਹਾਂ ਦੇ ਨੱਕ, ਅੱਖਾਂ, ਬਾਲ, ਚਮੜੀ ਅਤੇ ਚਿਹਰਾ ਸਭ ਵੱਖਰਾ ਦਿਖਾਈ ਦਿੰਦਾ ਹੈ। ਉਹ ਵੱਖ-ਵੱਖ ਉਦੇਸ਼ਾਂ ਲਈ ਵੱਖਰੀ-ਵੱਖਰੀ ਸਮੱਗਰੀ ਤੋਂ ਬਣੇ ਵੱਖਰੇ-ਵੱਖਰੇ ਕੱਪੜੇ ਪਹਿਣਦੇ ਹਨ।







ਇਸ ਅਧਿਆਇ ਦੇ ਅੰਤ ਤੱਕ, ਤੁਸੀਂ ਲੋਕਾਂ ਦੀਆਂ ਸਰੀਰਕ ਵਿਸ਼ੇਸ਼ਤਾਵਾਂ ਦੇ ਵੇਰਵਿਆਂ ਦਾ ਨਿਰੀਖਣ ਅਤੇ ਚਿਤਰਣ ਕਰੋਗੇ। ਤੁਸੀਂ ਕਲਾ ਦੇ ਤੱਤਾਂ, ਸਮੱਗਰੀ, ਸਰੂਪ ਅਤੇ ਸਰੰਚਨਾ ਦਾ ਪਤਾ ਕਰਕੇ ਕੱਪੜਿਆਂ ਨੂੰ ਡਿਜ਼ਾਈਨ ਕਰ ਸਕਦੇ ਹੋ। ਜਿਸ ਕਰਕੇ ਇਹ ਇੱਕ-ਦੂਜੇ ਤੋਂ ਵੱਖਰੇ ਦਿਖਾਈ ਦਿੰਦੇ ਹਨ।

## ਗਤੀਵਿਧੀ 1 ਆਓ, ਤਿਆਰ ਹੋਈਏ!

ਕੀ ਤੁਸੀਂ ਹਮੇਸ਼ਾ ਇੱਕੋ ਜਿਹੇ ਕੱਪੜੇ ਪਹਿਣਦੇ ਹੋ?

___

ਤੁਹਾਡੇ ਪਹਿਨਣ ਵਾਲੇ ਕੱਪੜਿਆਂ ਵਿਚਲੀਆਂ ਕਿਹੜੀਆਂ ਕਿਸਮਾਂ ਹਨ?

___

___

ਕੀ ਤੁਸੀਂ ਆਪਣੇ ਕੱਪੜਿਆਂ ਵਿਚ ਕੋਈ ਪੈਟਰਨ ਦੇਖ ਸਕਦੇ ਹੋ?

___

ਆਪਣੀ ਪਸੰਦ ਦਾ ਕੋਈ ਖਾਸ ਪਹਿਰਾਵਾ ਪਾ ਕੇ ਆਪਣੀ ਇੱਕ ਤਸਵੀਰ ਬਣਾਓ। ਉਸ ਤਸਵੀਰ ਦੇ ਪਹਿਰਾਵੇ ਵਿੱਚ ਕਿਸੇ ਵੀ ਪ੍ਰਕਾਰ ਦਾ ਡਿਜ਼ਾਈਨ ਬਣਾਓ ਅਤੇ ਉਸ ਵਿੱਚ ਰੰਗ ਭਰੋ। ਆਪਣੇ ਪਹਿਰਾਵੇ ਦੇ ਡਿਜ਼ਾਈਨ ਦੇ ਲਈ ਤੁਸੀਂ ਵੱਖ-ਵੱਖ ਪ੍ਰਕਾਰ ਦੇ ਬਿੰਦੂ, ਲਕੀਰਾਂ ਅਤੇ ਆਕਾਰਾਂ ਦੀ ਵਰਤੋ ਕਰ ਸਕਦੇ ਹੋ।

© NCERT not to be republished

**ਮਜ਼ੇਦਾਰ ਤੱਥ**

ਜਦੋਂ ਆਕਾਰਾਂ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ ਤਾਂ ਉਹ ਇੱਕ **ਡਿਜ਼ਾਈਨ** ਬਣਦਾ ਹੈ।

## ਗਤੀਵਿਧੀ 2 ਕਦੋਂ ਕੀ ਪਹਿਨੀਏ?

ਮੇਲੇ ਵਿੱਚ ਜਾਣ ਲਈ
ਤੁਸੀਂ ਕਿਹੜੇ ਕੱਪੜੇ ਪਹਿਨਣਾ ਪਸੰਦ ਕਰੋਗੇ?
ਉਸ ਦਾ ਇੱਕ ਚਿੱਤਰ ਬਣਾਓ।

ਜਾਂ

ਤੁਸੀਂ ਆਪਣੇ ਕਿਸੇ ਚਚੇਰੇ ਭਰਾ
ਦੇ ਵਿਆਹ ਵਿੱਚ ਜਾ ਰਹੇ ਹੋ,
ਤੁਸੀਂ ਕੀ ਪਹਿਨਣਾ ਪਸੰਦ ਕਰੋਗੇ? ਆਪਣੇ
ਆਪ ਨੂੰ ਪਰੰਪਰਾਗਤ ਕੱਪੜਿਆਂ ਵਿੱਚ
ਮਹਿਸੂਸ ਕਰੋ ਅਤੇ ਚਿੱਤਰ ਬਣਾਉ।

ਜਾਂ

ਤੁਸੀਂ ਆਪਣੇ ਅਗਲੇ ਜਨਮਦਿਨ
ਦੇ ਮੌਕੇ 'ਤੇ ਕੀ ਪਹਿਨਣਾ
ਪਸੰਦ ਕਰੋਗੇ। ਚਿੱਤਰ ਬਣਾਉ।

© NCERT not to be republished

## ਗਤੀਵਿਧੀ 3 ਇੱਕ ਚਿਹਰਾ ਬਣਾਓ

ਇਕ ਚਿਹਰਾ ਬਣਾਉ ਅਤੇ ਉਸ ਵਿੱਚ ਕਿਸੇ ਵੀ ਸ਼ੈਲੀ ਅਤੇ ਸਮੱਗਰੀ ਦੀ ਵਰਤੋਂ ਕਰ ਅੱਖਾਂ, ਕੰਨ, ਬਾਲ, ਨੱਕ, ਬੁੱਲ੍ਹ ਆਦਿ ਦਿਖਾਓ।




**ਜਾਰੀ ਹੈ: ਸਰੀਰ ਦੇ ਹੋਰਨਾਂ ਅੰਗਾਂ ਜਾਂ ਪੂਰੇ ਸਰੀਰ ਦਾ ਇੱਕ ਚਿੱਤਰ ਬਣਾਓ ਜਿਸ ਵਿੱਚ ਹੱਥ, ਉਂਗਲੀਆਂ, ਪੈਰ, ਅੱਡੀਆਂ ਅਤੇ ਕੁਝ ਵੱਖਰਾ ਆਪਣੀ ਕਲਪਨਾ ਅਨੁਸਾਰ ਮਹਿਸੂਸ ਕਰੋ।**

© NCERT not to be republished

## ਗਤੀਵਿਧੀ 4 ਹੱਥਾਂ ਦਾ ਇੱਕ ਚਿੱਤਰ ਬਣਾਓ

© NCERT not to be republished

ਤੁਹਾਡਾ ਆਪਣਾ ਹੱਥ

ਕਿਸੇ ਜਵਾਨ ਦਾ ਹੱਥ